International Journal of Multidisciplinary Trends

**E-ISSN:** 2709-9369
**P-ISSN:** 2709-9350
www.multisubjectjournal.com
IJMT 2025; 7(8): 85-89
Received: 11-06-2025
Accepted: 13-07-2025

**ਡਾ. ਮਨਜੀਤ ਕੌਰ**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬ ਯੂਨੀਵਰਸਿਟੀ ਰਿਜ਼ਨਲ ਸੈਂਟਰ, ਸ੍ਰੀ ਮੁਕਤਸਰ ਸਾਹਿਬ

**Corresponding Author:**
**ਡਾ. ਮਨਜੀਤ ਕੌਰ**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬ ਯੂਨੀਵਰਸਿਟੀ ਰਿਜ਼ਨਲ ਸੈਂਟਰ, ਸ੍ਰੀ ਮੁਕਤਸਰ ਸਾਹਿਬ

# ਬਾਜ਼ੀਗਰ ਕਬੀਲੇ ਦਾ ਧਾਰਮਿਕ ਜੀਵਨ : ਪਰੰਪਰਾ ਤੇ ਵਰਤਮਾਨ

## ਡਾ. ਮਨਜੀਤ ਕੌਰ

**ਸਾਰ**

ਮਨੁੱਖ ਸਭਿਆਚਾਰਕ ਜੀਵਨ ਮਰਿਆਦਾ ਕਰਕੇ ਹੋਰ ਸਾਰੇ ਜੀਵਾਂ ਨਾਲੋਂ ਸ੍ਰੇਸ਼ਟ ਹੈ। ਸਭਿਆਚਾਰ ਦਾ ਆਧਾਰ ਧਾਰਮਿਕ ਮਰਿਆਦਾ ਦੀ ਨੀਂਹ ਤੇ ਖੜਾ ਹੈ। ਜੀਵਨ ਦਾ ਕੋਈ ਵੀ ਜਨਮ, ਵਿਆਹ, ਮੌਤ, ਘਰੇਲੂ ਜਾਂ ਕੰਮਕਾਜੀ ਵਰਤਾਰਾ ਧਾਰਮਿਕ ਰਸਮਾਂ ਤੋਂ ਬਿਨਾਂ ਸ਼ੁਰੂ ਨਹੀਂ ਕੀਤਾ ਜਾਂਦਾ ਹੈ। ਸੰਸਾਰ ਦੇ ਹਰ ਸਭਿਆਚਾਰ ਵਿਚ ਧਰਮ ਦਾ ਪਾਸਾਰ ਆਪਣੀ ਰਹਿਤ-ਮਰਿਆਦਾ ਅਨੁਸਾਰ ਲਗਾਤਾਰ ਕਾਰਜਸ਼ੀਲ ਚਲਦਾ ਆ ਰਿਹਾ ਹੈ। ਮਨੁੱਖੀ ਜੀਵਨ ਨੂੰ ਸਿਧਾਂਤਬੱਧ ਕਰਨ ਵਿਚ ਧਾਰਿਮਕ ਮਾਨਤਾਵਾਂ ਅਤੇ ਮਨਾਹੀਆ ਦੀ ਅਹਿਮ ਭੂਮਿਕਾ ਹੈ। ਇਸ ਸੰਦਰਭ ਵਿਚ ਕਬੀਲਾ ਸਮੂਹਾਂ ਦੀ ਜੀਵਨ ਧਾਰਾ ਜੰਗਲੀ ਅਤੇ ਆਦਿ ਧਰਮੀ ਰਹੀ ਹੋਣ ਕਰਕੇ ਇਨ੍ਹਾਂ ਦੇ ਅਵਚੇਤਨ ਮਨ ਵਿਚ ਪਰੰਪਰਿਕ ਧਰਮ ਪ੍ਰਬੰਧ ਦਾ ਰੂਪ ਹੋਰ ਵੀ ਗਹਿਰੇ ਰੂਪ ਵਿਚ ਜੁੜਿਆ ਹੋਇਆ ਹੈ। ਇਸੇ ਸੰਦਰਭ ਵਿਚ ਪੰਜਾਬ ਦੇ ਬਾਜ਼ੀਗਰ ਕਬੀਲੇ ਦੀ ਧਾਰਮਿਕ ਪਰੰਪਰਾ ਦਾ ਅਧਿਐਨ ਕਰਕੇ ਇਸ ਵਿਚੋਂ ਪਰੰਪਰਿਕ ਮਾਨਤਾਵਾਂ ਅਤੇ ਮਨਾਹੀਆਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਅਵਚੇਤਨ ਅਜੋਕੇ ਦੌਰ ਵਿਚ ਵੀ ਪੀਡੇ ਰੂਪ ਵਿਚ ਆਪਣੀ ਧਾਰਮਿਕ ਪਰੰਪਰਾ ਨਾਲ ਜੁੜਿਆ ਹੋਇਆ ਹੈ। ਪਰੰਤੂ ਨਾਲ ਹੀ ਸਮਕਾਲੀ ਜੀਵਨ ਧਾਰਾ ਵਿਚ ਸਭਿਆਚਾਰ ਦੇ ਰੂਪਾਂਤਰਿਤ ਹਾਲਤਾਂ ਵਿਚ ਮੁੱਖ ਧਾਰਾ ਦੇ ਧਾਰਮਿਕ ਵਿਸ਼ਵਾਸਾਂ ਦਾ ਦਖਲ ਵੀ ਹੋਇਆ ਹੈ। ਜਿਸ ਨਾਲ ਬਾਜ਼ੀਗਰ ਕਬੀਲਾ ਦਾ ਪਰੰਪਰਿਕ ਧਾਰਮਿਕ ਜੀਵਨ ਪ੍ਰਭਾਵਿਤ ਹੋਇਆ ਵੀ ਨਜ਼ਰ ਆਉਂਦਾ ਹੈ। ਜਿਸ ਵਿਚ ਸਿੱਖ ਅਤੇ ਹਿੰਦੂ ਧਰਮ ਦੇ ਨਾਲ-ਨਾਲ ਡੇਰਿਆਂ ਦੀ ਧਾਰਮਿਕ ਰੰਗਤ ਵੀ ਕਬੀਲਾ ਲੋਕਾਂ ਦੇ ਜੀਵਨ ਵਿਚੋਂ ਪਛਾਣੀ ਜਾ ਸਕਦੀ ਹੈ।

**ਮੁੱਖ ਸ਼ਬਦ:** ਧਰਮ, ਮਾਨਤਾਵਾਂ, ਮਨਾਹੀਆਂ, ਅਵਚੇਤਨ, ਪਰੰਪਰਾ, ਅਦਿੱਖ ਸ਼ਕਤੀਆ, ਸ਼ਰਧਾ, ਕਾਮਨਾ, ਕੁਦਰਤ।

## ਮੁੱਖ ਬੰਧ

ਧਾਰਮਿਕ ਰਹਿਤ ਮਰਿਆਦਾ ਦੇ ਅੰਤਰਗਤ ਜੀਵਨ ਬਤੀਤ ਕਰਨਾ ਮਨੁੱਖੀ ਜ਼ਿੰਦਗੀ ਦਾ ਅਹਿਮ ਪੱਖ ਹੈ ਜੋ ਮਨੁੱਖੀ ਜੀਵਨ ਨੂੰ ਸਿਧਾਂਤਬੱਧ ਕਰਦਾ ਹੈ। ਧਾਰਮਿਕ ਮਾਨਤਾਵਾਂ ਅਤੇ ਮਨਾਹੀਆਂ ਦੇ ਅੰਦਰ ਵਿਚਰਕੇ ਮਨੁੱਖ ਆਪਣੇ ਆਪ ਨੂੰ ਸੱਭਿਅਕ ਰਹਿਤਲ ਵਿਚ ਸ਼ਾਮਲ ਹੋਇਆ ਮਹਿਸੂਸ ਕਰਦਾ ਹੈ। ਪ੍ਰਮੁੱਖ ਰੂਪ ਵਿਚ ਧਰਮ ਮਨੁੱਖ ਦੀ ਮਾਨਸਿਕਤਾ ਨਾਲ ਜੁੜਿਆ ਹੋਇਆ ਇਕ ਮਨੋਵਿਗਿਆਨਕ ਵਰਤਾਰਾ ਮੰਨਿਆ ਜਾਂਦਾ ਹੈ। ਜਿਵੇਂ ਮਨੁੱਖੀ ਦਿਮਾਗ ਹਰ ਸਮੇਂ ਕੁਝ ਨਾ ਕੁਝ ਸੋਚਦਾ ਰਹਿੰਦਾ ਹੈ, ਉਸੇ ਤਰ੍ਹਾਂ ਕੁਦਰਤੀ ਵਾਤਾਵਰਨ ਵਿਚ ਵੀ ਕੁਝ ਨਾ ਕੁਝ ਘਟਿਤ ਹੁੰਦਾ ਰਹਿੰਦਾ ਹੈ ਜੋ ਮਨੁੱਖ ਨੂੰ ਬਹੁਤ ਅਨੋਖਾ ਅਤੇ ਚਮਤਕਾਰੀ ਲੱਗਦਾ ਰਿਹਾ ਹੈ ਅਤੇ ਮਨੁੱਖ ਨੂੰ ਅਚੰਭਿਤ ਕਰਦਾ ਰਿਹਾ ਹੈ, ਸਿੱਟੇ ਵਜੋਂ ਮਨੁੱਖੀ ਮਨ ਵਿਚ ਸ਼ਰਧਾ ਅਤੇ ਡਰ ਦੇ ਭਾਵ ਪੈਦਾ ਹੁੰਦੇ ਰਹਿੰਦੇ ਹਨ ਅਤੇ ਉਹ ਹਾਲਾਤਾਂ ਨੂੰ ਸੁਧਾਰਨ, ਬਦਲਣ ਜਾਂ ਵੱਸ ਵਿਚ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਮਨੁੱਖ ਦੁਆਰਾ ਭੂਗੋਲਿਕ, ਸਮਾਜਿਕ ਅਤੇ ਰੋਜ਼ਮਰ੍ਹਾਂ ਦੀ ਜ਼ਿੰਦਗੀ ਦੀਆਂ ਕਈ ਘਟਨਾਵਾਂ ਨੂੰ ਗੈਬੀ ਸ਼ਕਤੀ ਵਾਲੀਆਂ ਮੰਨ ਕੇ ਇਨ੍ਹਾਂ ਨੂੰ ਪਤਿਆਉਣ ਅਤੇ ਆਪਣੇ ਜੀਵਨ ਦੇ ਅਨੁਕੂਲ ਵਾਤਾਵਰਨ ਪੈਦਾ ਕਰਨ ਦੀ ਕੋਸ਼ਿਸ਼ ਦੇ ਅੰਤਰਗਤ ਹੀ ਲੋਕ-ਧਰਮ ਦਾ ਵਿਕਾਸ ਹੋਇਆ ਮੰਨਿਆ ਜਾ ਸਕਦਾ ਹੈ। "ਮਨੁੱਖੀ ਜੀਵਨ ਵਿਚ ਧਰਮ ਅਹਿਮ ਭੂਮਿਕਾ ਨਿਭਾਉਂਦਾ ਹੈ। ਲਗਭਗ ਹਰੇਕ ਮਨੁੱਖੀ ਕਿਰਿਆ ਵਿਚ ਧਰਮ ਸੁਚੇਤ ਜਾਂ ਅਚੇਤ ਰੂਪ ਵਿਚ ਕਾਰਜਸ਼ੀਲ ਹੁੰਦਾ ਹੈ। ਵਿਅਕਤੀ ਜਨਮ ਤੋਂ ਹੀ ਧਰਮ ਨਾਲ ਜੁੜ ਜਾਂਦਾ ਹੈ ਅਤੇ ਧਰਮ ਉਸਦੇ ਜੀਵਨ ਵਿਚ ਅਚੇਤ ਹੀ ਸ਼ਾਮਲ ਹੋ ਜਾਂਦਾ ਹੈ। ਉਹ ਕਈ ਤਰ੍ਹਾਂ ਦੇ ਧਾਰਮਿਕ ਅਕੀਦੇ ਵਿਸ਼ਵਾਸ ਅਤੇ ਮਨੌਤਾਂ ਆਪਣੇ ਆਲੇ-ਦੁਆਲੇ ਵਿਚੋਂ ਸੁਭਾਵਿਕ ਹੀ ਗ੍ਰਹਿਣ ਕਰ ਲੈਂਦਾ ਹੈ, ਜੋ ਉਸ ਦੀ ਜੀਵਨ ਜਾਚ ਦਾ ਅੰਗ ਬਣ ਜਾਂਦੇ ਹਨ। ਧਰਮ ਕੋਈ ਨਵੀਨ ਕਾਢ ਨਹੀਂ ਜੋ ਸਾਡੇ ਜੀਵਨ ਉਪਰ ਥੋੜ੍ਹੇ ਸਮੇਂ ਵਿਚ ਹੀ ਪੂਰੀ ਤਰ੍ਹਾਂ ਛਾ ਗਈ, ਸਗੋਂ ਇਹ ਤਾਂ ਹਜ਼ਾਰਾਂ ਸਾਲਾਂ ਦੇ ਲੰਬੇ ਵਿਕਾਸ ਦਾ ਸਿੱਟਾ ਹੈ। [1]" ਧਰਮ ਪ੍ਰਬੰਧ ਦੇ ਅੰਤਰਗਤ ਲੋਕ ਧਰਮ ਅਤੇ ਵਸ਼ਿਸ਼ਟ ਧਰਮ ਨੂੰ ਵੀ ਵਿਚਾਰਿਆ ਜਾ ਸਕਦਾ ਹੈ। ਜਿਸ ਵਿਚ ਲੋਕ ਧਰਮ ਜਿੱਥੇ ਮਨੁੱਖ ਦੇ ਮਨ ਦੀ ਉਪਜ ਹੁੰਦਾ ਹੈ। ਇਸ ਵਿਚ ਉਸ ਦੇ ਡਰ, ਤੌਖਲੇ, ਹੈਰਾਨੀ, ਖੁਸ਼ੀ, ਗਮੀ ਅਤੇ ਦਿਵ-ਸ਼ਕਤੀਆਂ ਸਮਝੇ ਜਾਂਦੇ ਦੇਵੀ-ਦੇਵਤਿਆਂ ਪ੍ਰਤੀ ਸ਼ਰਧਾ ਮਈ ਭਾਵਨਾ ਪ੍ਰਗਟ ਹੁੰਦੀ ਹੈ। ਲੋਕ ਧਰਮ ਪੀੜ੍ਹੀ-ਦਰ-ਪੀੜ੍ਹੀ ਲੋਕ ਮਨ ਰਾਹੀਂ ਅੱਗੇ ਵਧਦਾ ਰਹਿੰਦਾ ਹੈ ਜਦਕਿ ਵਸ਼ਿਸ਼ਟ ਧਰਮ ਇਕ ਨਿਸਚਿਤ ਧਾਰਮਿਕ ਪ੍ਰਬੰਧ ਹੁੰਦਾ ਹੈ ਜਿਸ ਦੀ ਇਕ ਆਪਣੀ ਪਰੰਪਰਾ, ਨਿਯਮ, ਸਿੱਖਿਆਵਾਂ ਅਤੇ ਧਰਮ ਗ੍ਰੰਥ ਹੁੰਦਾ ਹੈ। ਪਰੰਤੂ ਲੋਕ ਧਰਮ ਦਾ ਕੋਈ

ਵਿਸ਼ੇਸ਼ ਨਾਂ ਨਹੀਂ ਹੁੰਦਾ ਅਤੇ ਨਾ ਹੀ ਇਸ ਦਾ ਕੋਈ ਧਰਮ ਗ੍ਰੰਥ ਹੁੰਦਾ ਹੈ। ਇਹ ਨਿਰੋਲ ਲੋਕ ਮਾਨਸਿਕਤਾ ਅਤੇ ਮਨ ਦੇ ਵਿਸ਼ਵਾਸਾਂ ਦੀ ਉਪਜ ਹੁੰਦਾ ਹਹੈ। ਵਿਸ਼ਿਸ਼ਟ ਧਰਮ ਅਤੇ ਲੋਕ ਧਰਮ ਡੂੰਘੀ ਤਰ੍ਹਾਂ ਅੰਤਰ-ਸਬੰਧਤ ਵੀ ਹਨ ਅਤੇ ਵੱਖਰੇ ਵੀ ਹਨ। ਧਰਮ ਅਤੇ ਲੋਕ ਧਰਮ ਦੋਹਾਂ ਵਿਚ ਮਨੁੱਖੀ ਲੋੜਾਂ ਅਤੇ ਚਾਹਤਾਂ ਦੀ ਪੂਰਤੀ ਅਧਿਭੌਤਿਕ ਸ਼ਕਤੀਆਂ ਰਾਹੀਂ ਕਲਪੀ ਜਾਂਦੀ ਹੈ। ਜਾਦੂ ਵਿਚ ਜਿੱਥੇ ਇਹ ਜੰਤਰ-ਮੰਤਰ ਦੀ ਸ਼ਕਤੀ ਵਿਚ ਮੰਨੀ ਜਾਂਦੀ ਹੈ, ਉੱਥੇ ਵਿਸ਼ੇਸ਼ ਧਰਮ ਵਿਚ ਇਹ ਉਤਮ ਸ਼ਕਤੀ (ਰੱਬ, ਅਵਤਾਰ) ਵਸ਼ਿਸ਼ਟ ਧਰਮ ਗ੍ਰੰਥਾਂ, ਮਹਾਪੁਰਸ਼ਾਂ (ਅਵਤਾਰਾਂ, ਗੁਰੂਆਂ ਅਤੇ ਪੈਗੰਬਰਾਂ) ਤੇ ਵਸ਼ਿਸ਼ਟ ਜੀਵਨ ਸ਼ੈਲੀ ਆਧਾਰਤ ਹੋ ਜਾਂਦੀ ਹੈ।ਇਕੋ ਧਰਮ-ਵਿਵਸਥਾ ਵਿਚ ਪੂਰੀ ਆਸਥਾ ਵਿਸ਼ੇਸ਼ ਪੂਜਾ ਵਿਧੀਆਂ ਰਸਮਾਂ, ਕਰਾਮਾਤਾਂ ਅਤੇ ਅਰਦਾਸਾਂ ਵਿਚ ਰੂਪਾਂਤਰਿਤ ਹੋ ਜਾਂਦੀ ਹੈ। ਲੋਕ ਧਰਮ ਦੀ ਮੂਲ ਸਕੰਲਪਨਾ ਪਿੱਛੇ ਲੋਕ ਭਾਵਨਾ, ਲੋਕ ਮਨ ਸ਼ਕਤੀਸ਼ਾਲੀ ਰੂਪ ਵਿਚ ਹਾਜ਼ਰ ਹੁੰਦਾ ਹੈ। ਵਸ਼ਿਸ਼ਟ ਧਰਮ ਲੋੜਾਂ, ਚਾਹਤਾਂ, ਖਾਸ ਅਧਿਆਤਮਕ-ਆਦਰਸ਼ਕ ਅਸਾਧ ਪ੍ਰਾਕਿਰਤਕ ਸ਼ਕਤੀਆਂ ਨਾਲ ਸਬੰਧਤ ਹਨ। ਦੋਹਾਂ ਵਿਚ ਇਨ੍ਹਾਂ ਸ਼ਕਤੀਆਂ ਨੂੰ ਅੱਡੋ-ਅੱਡ ਵਿਧੀਆਂ ਰਾਹੀਂ ਆਪਣੇ ਅਨੁਕੂਲ ਕਰਨ ਦੀ ਪ੍ਰਕਿਰਿਆ ਸ਼ਾਮਲ ਹੈ। ਦੋਵੇਂ ਮਨੁੱਖ ਦੀਆਂ ਅੱਡੋ-ਅੱਡ ਸਭਿਆਚਾਰਕ ਲੋੜਾਂ ਦਾ ਵਿਸ਼ਵਾਸ ਦੀ ਪੱਧਰ ’ਤੇ ਪ੍ਰਗਟਾਵਾ ਅਤੇ ਪੂਰਤੀ ਲੋਚਦੇ ਹਨ। [2]”.

ਕਬੀਲਾ ਸਮੂਹਾਂ ਵਿਚ ਧਰਮ ਨੂੰ ਜੀਵਨ ਜਾਚ ਵਜੋਂ ਅਪਣਾਇਆ ਜਾਂਦਾ ਹੈ। ਕਬੀਲਾ ਸਮੂਹਾਂ ਦੇ ਜੰਗਲੀ ਭੂਗੋਲਿਕ ਚੌਗਿਦਰੇ ਵਿਚ ਵਿਚਰਦੇ ਹੋਣ ਕਰਕੇ ਮੁਢਲਾ ਧਾਰਮਿਕ ਜੀਵਨ ਕੁਦਰਤੀ ਸ਼ਕਤੀਆਂ ਦੀ ਪੂਜਾ ਕਰਨ ਅਤੇ ਪਰਾਭੌਤਿਕ ਸ਼ਕਤੀਆਂ ਵਿਚ ਵਿਸ਼ਵਾਸ ਕਰਨ ਵਿਚ ਵਿਦਮਾਨ ਰਿਹਾ ਹੈ। “ਧਰਮ ਤੋਂ ਸਾਡਾ ਭਾਵ ਕਿਸੇ ਪਰਾਭੌਤਿਕ ਸ਼ਕਤੀ ਵਿਚ ਵਿਸ਼ਵਾਸ ਤੋਂ ਹੈ ਜੋ ਮਨੁੱਖੀ ਇੱਛਾ ਦੀ ਪੂਰਤੀ ਲਈ ਇਕ ਮਾਧਿਅਮ ਵਜੋਂ ਕਾਰਜਸ਼ੀਲ ਹੁੰਦੀ ਹੈ। ਇਸ ਵਿਸ਼ਵਾਸ ਦਾ ਵਿਹਾਰਕ ਰੂਪ ਅਨੁਸ਼ਠਾਨਾਂ ਰਾਹੀਂ ਪ੍ਰਗਟ ਹੁੰਦਾ ਹੈ। ਇਹ ਪਰਾਭੌਤਿਕ ਸ਼ਕਤੀ ਦ੍ਰਿਸ਼ਟ ਵਰਤਾਰਿਆਂ ਪਿੱਛੇ ਅਦ੍ਰਿਸ਼ਟ ਜੀਵੰਤ ਤੱਤ ਦੀ ਹੋਂਦ ਤੋਂ ਲੈ ਕੇ ਮਾਨਾ, ਪਿੱਤਰ ਪੂਜਾ, ਟੋਟਮ ਅਤੇ ਦੇਵੀ ਦੇਵਤਿਆਂ ਤੋਂ ਵੀ ਅੱਗੇ ਇਕ ਰੱਬ ਦੀ ਹੋਂਦ ਤੱਕ ਫੈਲੀ ਹੋਈ ਹੈ। ਇਸ ਪਰਾਭੌਤਿਕ ਸ਼ਕਤੀ ਪ੍ਰਤੀ ਲੋਕਾਂ ਦੇ ਇਕ ਸਮੂਹ ਦੀਆਂ ਪਵਿੱਤਰ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ। [3]” ਕਬੀਲਾ ਧਰਮ ਪ੍ਰਬੰਧ ਵਿਚ ਮਾਨਤਾਵਾਂ ਦੇ ਨਾਲ-ਨਾਲ ਕਬੀਲਾ ਮਨਾਹੀਆਂ ਦੀ ਵਿਸ਼ੇਸ਼ ਅਹਿਮੀਅਤ ਹੁੰਦੀ ਹੈ।

ਬਾਜ਼ੀਗਰ ਕਬੀਲੇ ਦੇ ਲੋਕ ਧਾਰਮਿਕ ਜੀਵਨ ਰਹਿਤਲ ਤੋਂ ਪ੍ਰਮੁੱਖ ਰੂਪ ਵਿਚ ਆਪਣੇ ਪੁਰਖਿਆਂ, ਦੇਵੀ-ਦੇਵਤਿਆਂ ਅਤੇ ਪੀਰਾਂ-ਫ਼ਕੀਰਾਂ ਦੀ ਮਾਨਤਾ ਕਰਦੇ ਹਨ। ਕਬੀਲੇ ਦੁਆਰਾ ਆਪਣੇ ਮ੍ਰਿਤਕ ਪੁਰਖਿਆਂ ਦੀ ਮਾਨਤਾ ਦੀਵਾਲੀ ਵਾਲੇ ਦਿਨ ਵਿਸ਼ੇਸ਼ ਤੌਰ ’ਤੇ ਕੀਤੀ ਜਾਂਦੀ ਹੈ। ਕਬੀਲੇ ਵਿਚ ਦੀਵਾਲੀ ਵਾਲੇ ਦਿਨ ਸਵੇਰੇ ਸੁਵੱਖਤੇ ਪਰਿਵਾਰ ਦਾ ਵੱਡਾ ਪੁਰਸ਼ ਵਿਅਕਤੀ ਆਪਣੇ ਪਰਿਵਾਰਕ ਪੁਰਸ਼ਾਂ ਅਤੇ ਬੱਚਿਆਂ ਨੂੰ ਨਾਲ ਲੈ ਕੇ ਕਿਸੇ ਸ਼ੁੱਧ ਅਤੇ ਸਾਫ਼ ਥਾਂ ਉੱਤੇ ਜਾਂਦਾ ਹੈ। ਉਹ ਆਪਣੇ ਨਾਲ ਅਨਾਜ, ਪਾਣੀ ਦਾ ਘੜਾ, ਗਊ ਦਾ ਗੋਬਰ, ਕਾਈ ਅਤੇ ਮਿੱਠੇ ਚਾਵਲਾਂ ਦਾ ਪ੍ਰਸ਼ਾਦ ਲੈ ਕੇ ਜਾਂਦੇ ਹਨ। ਕਿਸੇ ਸੁੱਚੀ ਥਾਂ ਤੇ ਗਊ ਦੇ ਗੋਬਰ ਦੇ ਪੋਚੇ ਨਾਲ ਥਾਂ ਪਵਿੱਤਰ ਕਰਕੇ ਗੰਧਾਲੇ ਨਾਲ ਉੱਥੇ ਇਕ ਖ਼ਾਲੀ ਕੱਢ ਕੇ ਚਿੰਨ੍ਹ ਨੁਮਾ ਨਹਿਰ ਬਣਾਈ ਜਾਂਦੀ ਹੈ ਇਸ ਉੱਪਰ ਕੁਝ ਕਾਈ ਵੀ ਰੱਖੀ ਜਾਂਦੀ ਹੈ। ਇਸ ਨਹਿਰ ’ਤੇ ਪੂਰਬ ਦਿਸ਼ਾ ਵੱਲ ਮੂੰਹ ਕਰਕੇ ਪਾਣੀ ਪਾਇਆ ਜਾਂਦਾ ਹੈ। ਕਬੀਲੇ ਦੀ ਮਾਨਤਾ ਹੈ ਕਿ ਅਜਿਹਾ ਕਰਨ ਨਾਲ ਉਨ੍ਹਾਂ ਦੇ ਪਿਤਰਾਂ ਕੋਲ ਪਾਣੀ ਪਹੁੰਚ ਜਾਂਦਾ ਹੈ ਅਤੇ ਕਬੀਲੇ ਦੇ ਪਿਤਰ ਆਪਣੀਆਂ ਅਗਲੀਆਂ ਪੀੜ੍ਹੀਆਂ ਦੀ ਮਾਨਤਾ ਤੋਂ ਖੁਸ਼ ਹੋ ਕੇ ਉਨ੍ਹਾਂ ਨੂੰ ਸੁੱਖ-ਸ਼ਾਂਤੀ ਅਤੇ ਘਰ ਵਿਚ ਖੁਸ਼ਹਾਲੀ ਪ੍ਰਦਾਨ ਕਰਦੇ ਹਨ। ਬਾਜ਼ੀਗਰ ਕਬੀਲੇ ਵਿਚ ਪਰਿਵਾਰ ਦੇ ਸਾਰੇ ਵਿਅਕਤੀ (ਬਜ਼ੁਰਗ ਤੋਂ ਲੈ ਕੇ ਬੱਚੇ ਤੱਕ) ਅਕਾਲ ਚਲਾਣਾ ਕਰ ਚੁੱਕੇ ਵਿਅਕਤੀਆਂ (ਪੁਰਸ਼ਾਂ ਅਤੇ ਔਰਤਾਂ) ਦਾ ਨਾਂ ਲੈ ਕੇ ਵਾਰੀ-ਵਾਰੀ ਪਾਣੀ ਦਿੰਦੇ ਹਨ। ਪਾਣੀ ਦੇਣ ਉਪਰੰਤ ਪਿਤਰਾਂ ਦੇ ਨਾਂ ਤੇ ਮਿੱਠੇ ਚਾਵਲਾਂ ਦਾ ਪ੍ਰਸ਼ਾਦ ਆਪਣੀ ਗੋਤ ਵਿਚ ਵੰਡਦੇ ਹਨ। ਬਾਜ਼ੀਗਰ ਕਬੀਲੇ ਵਿਚ ਪਿਤਰਾਂ ਦੀ ਪੂਜਾ ਦਾ ਪ੍ਰਸ਼ਾਦ ਗੋਤ ਤੋਂ ਬਾਹਰਲੇ ਲੋਕਾਂ ਨੂੰ ਦੇਣ ਦੀ ਮਨਾਹੀ ਹੈ ਅਤੇ ਕਬੀਲੇ ਵਿਚ ਪਿਤਰ ਪੂਜਾ ਵਿਚ ਔਰਤਾਂ ਦਾ ਸ਼ਾਮਲ ਹੋਣਾ ਵੀ ਵਰਜਿਤ ਹੈ। ਬਾਜ਼ੀਗਰ ਕਬੀਲੇ ਦੇ ਲੋਕ ਹਿੰਦੂ ਧਰਮ ਦੇ ਪ੍ਰਭਾਵ ਵਿਚ ਦੇਵੀ ਦੇਵਤਿਆਂ, ਪੀਰਾਂ ਫ਼ਕੀਰਾਂ ਅਤੇ ਸੰਤ ਮਹਾਤਮਾਂ ਦੀ ਉਪਾਸਨਾ ਵਿਚ ਬਹੁਤ ਸ਼ਰਧਾ ਭਾਵ ਰੱਖਦੇ ਹਨ। ਬਾਜ਼ੀਗਰ ਕਬੀਲੇ ਦੇ ਲਗਭਗ ਹਰ ਘਰ ਅਤੇ ਡੇਰੇ ਵਿਚ ਦੇਵੀ-ਦੇਵਤਿਆਂ ਅਤੇ ਸੰਤਾਂ-ਭਗਤਾਂ ਦਾ ਪੂਜਾ ਸਥਾਨ ਬਣਿਆ ਹੁੰਦਾ ਹੈ। ਇਨ੍ਹਾਂ ਦੀ ਪੂਜਾ ਕਬੀਲਾ ਵਿਅਕਤੀਆਂ ਵੱਲੋਂ ਕਿਸੇ ਵਿਸ਼ੇਸ਼ ਤਿੱਥ-ਤਿਉਹਾਰ ਵਾਲੇ ਦਿਨ ਕੀਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਦੇ ਲੋਕ ਦੇਵੀ-ਦੇਵਤਿਆਂ ਦੇ ਨਾਂ ਉੱਤੇ ਧੂਣਾ ਲਾਉਂਦੇ ਹਨ। ਸੰਤਾਂ ਪੀਰਾਂ ਅਤੇ ਫ਼ਕੀਰਾਂ ਦੇ ਨਾਂ ਉੱਤੇ ਚਿਰਾਗ਼ ਜਗਾਏ ਜਾਂਦੇ ਹਨ ਅਤੇ ਪਰਿਵਾਰਕ ਸੁੱਖ-ਸ਼ਾਂਤੀ ਲਈ ਸੁੱਖਾਂ ਸੁੱਖੀਆਂ ਜਾਂਦੀਆਂ ਹਨ। ਕਬੀਲਾ ਲੋਕਾਂ ਦੁਆਰਾ ਕਿਸੇ ਮੰਨਤ ਦੀ ਪੂਰਤੀ ਹੋਣ ’ਤੇ ਸੁੱਖ ਉਤਾਰਨ ਲਈ ਦੇਵੀ-ਦੇਵਤਿਆਂ ਅਤੇ ਪੀਰਾਂ-ਫ਼ਕੀਰਾਂ ਦੇ ਸਥਾਨ ’ਤੇ ਜਾ ਕੇ ਚੜ੍ਹਾਵਾ ਦਿੱਤਾ ਜਾਂਦਾ ਹੈ। “ਬਾਜ਼ੀਗਰ ਕਬੀਲੇ ਦੇ ਲੋਕ ਭਾਵੇਂ ਇਸਲਾਮ ਧਰਮ ਨੂੰ ਨਹੀਂ ਮੰਨਦੇ ਫਿਰ ਵੀ ਬਾਜ਼ੀਗਰ ਕਬੀਲੇ ਵਿਚ ਮੁਸਲਮਾਨ ਪੀਰ ਫ਼ਕੀਰਾਂ ਦੀ ਸੇਵਾ ਅਰਚਨਾ ਸਦੀਆਂ ਤੋਂ ਹੀ ਚਲੀ ਆ ਰਹੀ ਹੈ। ਬਾਜ਼ੀਗਰ ਕਬੀਲੇ ਦੇ ਲੋਕ ਪੰਜ ਪੀਰਾਂ ਅਤੇ ਅੱਗੇ ਉਨ੍ਹਾਂ ਦੇ ਗੱਦੀ ਨਸ਼ੀਨਾਂ ਨੂੰ ਉਚੇਚੇ ਤੌਰ ਤੇ ਮੰਨਦੇ ਹਨ। ਕਬੀਲੇ ਦੇ ਲੋਕ ‘ਲਾਲਾਂ ਵਾਲੇ ਪੀਰ’ ਦੀਆਂ ਚਾਲਾਂ ਕੱਢਣ ਲਈ ਜਾਣੇ ਜਾਂਦੇ ਹਨ। ਪੀਰ ਦੀਆਂ ਚਾਲਾਂ ਕੱਢਣ ਲਈ ਇਕ ਨਿਸ਼ਚਿਤ ਥਾਂ ਤੇ ਪੀਰ ਦੇ ਨਾਂ ਦਾ ਇਕ ਸੁੱਚਾ ਕੱਪੜਾ ਵਿਛਾ ਲਿਆ ਜਾਂਦਾ ਹੈ। ਔਰਤਾਂ ਇਕੱਠੀਆਂ ਹੋ ਕੇ ਢੋਲ ਦੀ ਤਾਲ ਧਮਾਲ ਤੇ ਪੀਰ ਦੀਆਂ ਟਾਹਰਾਂ ਗਾਉਂਦੀਆਂ ਹਨ। ਇਸ ਰਸਮ ਵੇਲੇ ਕਬੀਲੇ ਦੇ ਲੋਕ ਸ਼ਰਧਾ ਅਨੁਸਾਰ ਅਨਾਜ ਅਤੇ ਪੈਸੇ ਚਾਦਰ ’ਤੇ ਮੱਥਾ ਟੇਕ ਕੇ ਰੱਖ ਦਿੰਦੇ ਹਨ। ਜਿਸ ਦਾ ਬਾਅਦ ਵਿਚ ਪੀਰ ਦੀ ਮਜ਼ਾਰ ਤੇ ਜਾਂ ਕੇ ਭੰਡਾਰਾ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਡੇਰਿਆਂ ਵਿਚ ਹਰ ਸਾਲ ਪੀਰਾਂ ਦਾ ਦਿਨ ਮਨਾਇਆ ਜਾਂਦਾ ਹੈ ਅਤੇ ਸ਼ਰਧਾ ਨਾਲ ਪੀਰਾਂ ਦੀ ਯਾਰਵੀਂ ਦਿੱਤੀ ਜਾਂਦੀ ਹੈ। ਇਸ ਉਤਸਵ ਤੇ ਰਾਤ ਨੂੰ ਕਵਾਲ ਕਵਾਲੀ ਰਾਹੀਂ ਪੀਰਾਂ ਦੀ ਉਸਤਤ ਕਰਦੇ ਹਨ ਅਤੇ ਛੜੀਏ ਪੀਰਾਂ ਦੀ ਡੇਰੇ ਵਾਲੀ ਮਜ਼ਾਰ ਤੇ ਜੱਲੀ (ਇਕ ਤਰ੍ਹਾਂ ਦਾ ਰੂਹਾਨੀ ਨਾਚ) ਪਾਉਂਦੇ ਹਨ। [4]”.

ਧਾਰਮਿਕ ਮਾਨਤਾ ਵਜੋਂ ਬਾਜ਼ੀਗਰ ਕਬੀਲੇ ਦੇ ਲੋਕ ਮਾਤਾ ਦੇ ਨਾਂ ਉੱਤੇ ਜਗਰਾਤੇ ਕਰਾਉਂਦੇ ਹਨ। ਇਸ ਦੌਰਾਨ ਸਾਰੀ ਰਾਤ ਮਾਤਾ ਦੀਆਂ ਭੇਟਾਂ ਪੂਰੀ ਸ਼ਰਧਾ ਨਾਲ ਗਾਈਆਂ ਜਾਂਦੀਆਂ ਹਨ। ਬਾਜ਼ੀਗਰ ਕਬੀਲੇ ਵਿਚ ਨੈਣਾਂ ਦੇਵੀ, ਜਵਾਲਾ ਜੀ, ਕਾਲੀ ਮਾਤਾ ਅਤੇ ਮਾਤਾ ਇੱਛਰਾਂ ਦੀ ਪੂਜਾ ਬਹੁਤ ਸ਼ਰਧਾ ਪੂਰਵਕ ਕੀਤੀ ਜਾਂਦੀ ਹੈ। “ਮਾਤਾ ਇੱਛਰ ਕੁੰਡੇ ਨੂੰ ਖ਼ਾਸ ਤੌਰ ਤੇ ਔਲਾਦ ਦਾ ਵਰ ਲੈਣ ਲਈ ਪੂਜਿਆ ਜਾਂਦਾ ਹੈ। ਮਾਤਾ ਦੇ ਵਰ ਨਾਲ ਘਰ ਵਿਚ ਪੈਦਾ ਹੋਣ ਵਾਲੀ ਔਲਾਦ ਦਾ ਨਾਂ ਵੀ ਮਾਤਾ ਇੱਛਰਾਂ ਦੇ ਨਾਂ ਉੱਤੇ ਰੱਖਿਆ ਜਾਂਦਾ ਹੈ। ਇਸ ਉਪਰੰਤ ਹਿਮਾਚਲ ਵਿਖੇ ਮਾਤਾ ਦੇ ਮੰਦਰ ਤੇ ਜਾ ਕੇ ਸੁੱਖ ਉਤਾਰੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿਚ ਸੰਕਟ ਦੀ ਘੜੀ ਵਿਚ ਕਾਲੀ ਮਾਤਾ ਨੂੰ ਪੂਜਿਆ ਜਾਂਦਾ ਹੈ। ਸੰਕਟ ਦੇ ਟਲ ਜਾਣ ਦੀ ਸੂਰਤ ਵਿਚ ਜਾਂ ਇੱਛਾ ਪੂਰੀ ਹੋਣ ਦੀ ਸੂਰਤ ਵਿਚ ਕਾਲੀ ਮਾਤਾ ਦੇ ਮੰਦਰ ਤੇ ਕਾਲਾ ਬੱਕਰਾ ਚੜ੍ਹਾ ਕੇ ਮਾਤਾ ਦੀ ਸੁੱਖ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਬਾਜ਼ੀਗਰ ਕਬੀਲੇ ਦੇ ਲੋਕ ਕ੍ਰਿਸ਼ਨ ਅਤੇ ਸ਼ਿਵ ਜੀ ਦੀ ਵਡਿਆਈ ਵੀ ਕਰਦੇ ਹਨ। ਕਬੀਲੇ ਦੇ ਸੰਤ ਮਹਾਤਮਾ,ਸ਼ਿਵ ਜੀ ਅਤੇ ਸ੍ਰੀ ਕ੍ਰਿਸ਼ਨ ਨੂੰ ਆਪਣਾ ਇਸ਼ਟ ਮੰਨਦੇ ਹਨ। ਬਾਜ਼ੀਗਰ ਕਬੀਲੇ ਦੇ ਸੰਤਾਂ ਦੀ ਇੱਕ

ਜਮਾਤ ਹਠ ਯੋਗ ਅਤੇ ਤਪ ਅਨੁਸਾਰ ਵੀ ਪ੍ਰਮਾਤਮਾ ਦਾ ਅਨੁਸਰਨ ਕਰਦੀ ਹੈ। [5]" ਬਾਜ਼ੀਗਰ ਕਬੀਲੇ ਦੇ ਲੋਕ ਪੀਰਾਂ ਫ਼ਕੀਰਾਂ, ਲਾਲਾਂ ਵਾਲੇ ਪੀਰ ਅਤੇ ਹੋਰ ਸਥਾਨਕ ਪੀਰਾਂ ਦੀਆਂ ਮਜ਼ਾਰਾਂ ਉੱਤੇ ਵੀਰਵਾਰ ਵਾਲੇ ਦਿਨ ਅਤੇ ਕਿਸੇ ਤਿੱਥ ਤਿਉਹਾਰ ਦੌਰਾਨ ਚਿਰਾਗ ਜਗਾਉਂਦੇ ਹਨ। ਕਬੀਲੇ ਦੇ ਪਸ਼ੂ ਪਾਲਕ ਲੋਕ ਹਰ ਸਾਲ ਪੀਰਾਂ ਦੇ ਨਾਂ ਉੱਤੇ 'ਯਾਰ੍ਹਵੀਂ' ਦਿੰਦੇ ਹਨ। ਜਿਸ ਵਿਚ ਗਿਆਰਾਂ ਦਿਨ ਦੁੱਧ ਨੂੰ ਖੱਟਾ ਨਹੀਂ ਲਾਇਆ ਜਾਂਦਾ ਸਗੋਂ ਦੁੱਧ ਦਾ ਕੋਈ ਮਿੱਠਾ ਪਕਵਾਨ ਖੀਰ ਆਦਿ ਬਣਾ ਕੇ ਪੀਰਾਂ ਦੇ ਸਥਾਨ ਉੱਤੇ ਮੱਥਾ ਟੇਕਣ ਉਪਰੰਤ ਵੰਡ ਦਿੱਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿਚ ਬਾਬਾ ਹਾਥੀ ਰਾਮ, ਬਾਬਾ ਬੇਪਰਵਾਹ, ਬਾਬਾ ਈਸ਼ਰ ਗਿਰ, ਬਾਬਾ ਫ਼ਤਿਹ ਚੰਦ, ਬਾਬਾ ਮੰਗਲ ਦਾਸ, ਸਾਈਂ ਸੋਹਣੇ ਸ਼ਾਹ ਅਤੇ ਸੰਤ ਬਾਵਾ ਲਾਲ ਬਹੁਤ ਕਰਨੀ ਵਾਲੇ ਸੰਤ ਅਤੇ ਭਗਤ ਹੋਏ ਹਨ। ਕਬੀਲੇ ਦੇ ਲੋਕ ਇਨ੍ਹਾਂ ਸੰਤ ਪੁਰਸ਼ਾਂ ਦੀ ਮਾਨਤਾ ਵਿਸ਼ੇਸ਼ ਤਿੱਥ-ਤਿਉਹਾਰਾਂ ਦੌਰਾਨ ਕਰਦੇ ਹਨ ਅਤੇ ਇਨ੍ਹਾਂ ਦੇ ਪੂਜਾ ਸਥਾਨਾਂ 'ਤੇ ਮੇਲੇ ਅਤੇ ਭੰਡਾਰੇ ਵੀ ਲੱਗਦੇ ਹਨ। ਬਾਜ਼ੀਗਰ ਕਬੀਲੇ ਦੇ ਕੁਝ ਜ਼ਿਕਰਯੋਗ ਸੰਤਾਂ ਵਿਚ 'ਬਾਬਾ ਹਾਥੀ ਰਾਮ' ਨੂੰ ਬਹੁਤ ਤਪੱਸਵੀਂ ਸੰਤ ਵਜੋਂ ਮਾਨਤਾ ਪ੍ਰਾਪਤ ਹੈ। ਬਾਬੂ ਬੇਪਰਵਾਹ ਜੀ ਸਾਰੇ ਬਾਜ਼ੀਗਰ ਕਬੀਲੇ ਦੇ ਮਸਤ ਮੌਲਾ ਤੇ ਹਰਮਨ ਪਿਆਰੇ ਸੰਤ ਹਨ। 'ਬਾਬਾ ਈਸ਼ਰ ਗਿਰ' ਦਾ ਪ੍ਰਮੁੱਖ ਸਥਾਨ ਦੁਲੱਦੀ ਨਾਭਾ ਵਿਖੇ ਹੈ। ਇਹ ਇਕ ਮਹਾਨ ਸੰਨਿਆਸੀ ਸਨ ਅਤੇ ਹੀਰ ਦਾ ਕਿੱਸਾ ਬੈਂਤ ਛੰਦ ਵਿਚ ਗਾਉਣ ਦੇ ਮਾਹਿਰ ਸਨ। ਬਾਬਾ ਈਸ਼ਰ ਗਿਰ ਜੀ ਦੀ ਯਾਦ ਵਿਚ ਸੋਲਾਂ ਭਾਦੋਂ ਨੂੰ ਮੇਲਾ ਭਰਦਾ ਹੈ। ਬਾਬਾ ਫਤਿਹ ਚੰਦ ਜੀ ਬਾਜ਼ੀਗਰ ਕਬੀਲੇ ਵਿਚ 'ਬਾਬਾ ਫੱਤੂ' ਦੇ ਨਾਂ ਨਾਲ ਪ੍ਰਸਿੱਧ ਹਨ। ਬਾਬਾ ਜੀ ਦਾ ਮੁੱਖ ਦਰਬਾਰ ਪਿੰਡ ਅਬਲੋਵਾਲ, ਡੇਰੇ ਵਿਖੇ ਸਥਿਤ ਹੈ। ਬਾਬਾ ਫਤਹਿ ਚੰਦ 'ਬਾਬਾ ਫੱਤੂ' ਜੀ ਦੇ ਨਾਂ ਨਾਲ ਜਾਣੇ ਜਾਂਦੇ ਹਨ ਅਤੇ ਰੂਹਾਨੀ ਲੋਕ ਨਾਚ ਜੱਲੀ ਕਰਕੇ ਬਹੁਤ ਪ੍ਰਸਿੱਧ ਸਨ। ਬਾਜ਼ੀਗਰ ਕਬੀਲੇ ਦੇ 'ਬਾਬਾ ਮੰਗਲ ਦਾਸ' ਬਹੁਤ ਕਰਨੀ ਵਾਲੇ ਸੰਤ ਮਹਾਂਪੁਰਸ਼ ਹੋਏ ਹਨ। ਆਪ ਤਪੱਸਵੀਂ ਹੱਠ ਯੋਗੀ ਸਨ। ਇਨ੍ਹਾਂ ਦੀ ਮਾਨਤਾ ਅਜੋਕੇ ਸਮੇਂ ਵੀ ਬਾਜ਼ੀਗਰ ਕਬੀਲੇ ਦੇ ਲੋਕ ਬਹੁਤ ਸ਼ਰਧਾ ਭਾਵ ਨਾਲ ਕਰਦੇ ਹਨ। ਬਾਜ਼ੀਗਰ ਕਬੀਲੇ ਦੇ ਲੋਕ 'ਸਾਈਂ ਸੋਹਣੇ ਸ਼ਾਹ' ਜੀ ਦੀ ਵੀ ਬਹੁਤ ਮਾਨਤਾ ਕਰਦੇ ਹਨ। ਇਨ੍ਹਾਂ ਦੀ ਮਜ਼ਾਰ ਜ਼ਿਲ੍ਹਾ ਪਟਿਆਲਾ ਦੇ ਪਿੰਡ ਅਬਲੋਵਾਲ (ਡੇਰੇ) ਵਿਖੇ ਸਥਿਤ ਹੈ। ਸਾਈਂ ਸੋਹਣੇ ਸ਼ਾਹ, ਬਾਬਾ ਚੁੱਪ ਸ਼ਾਹ ਦਾ ਮੁਰੀਦ ਸੀ। ਮੰਨਿਆ ਜਾਂਦਾ ਹੈ ਕਿ ਸਾਈਂ ਸੋਹਣੇ ਸ਼ਾਹ ਨੇ ਬਾਰਾਂ ਸਾਲ ਦਾ ਰੋਜ਼ਾ ਰੱਖ ਕੇ ਕਰੜੀ ਤਪੱਸਿਆ ਕੀਤੀ ਸੀ। ਸਾਈਂ ਜੀ ਦੀ ਯਾਦ ਵਿਚ ਹਰ ਸਾਲ ਪੰਜ ਹਾੜ੍ਹ ਨੂੰ ਡੇਰਾ ਅਬਲੋਵਾਲ ਵਿਖੇ ਭਾਰੀ ਮੇਲਾ ਲੱਗਦਾ ਹੈ। ਢੋਲ ਵੱਜਦੇ ਹਨ ਅਤੇ ਕਵਾਲੀ ਗਾਇਨ ਵੀ ਹੁੰਦਾ ਹੈ। ਇਸੇ ਤਰ੍ਹਾਂ ਬਾਜ਼ੀਗਰ ਕਬੀਲਾ 'ਸੰਤ ਬਾਵਾ ਲਾਲ' ਦੀ ਬਹੁਤ ਸ਼ਰਧਾ ਨਾਲ ਪੂਜਾ ਕਰਦਾ ਹੈ। ਸੰਤ ਬਾਵਾ ਲਾਲ ਦਾ ਮੁੱਖ ਸਥਾਨ ਜਿਲ੍ਹਾ ਗੁਰਦਾਸਪੁਰ ਦਾ ਪਿੰਡ ਉਦੋਕੀ ਵਿਚ ਬਣਿਆ ਹੋਇਆ ਹੈ। ਸੰਤ ਮਹਾਤਮਾ ਅਤੇ ਪੀਰਾਂ ਪੈਗੰਬਰਾਂ ਤੋਂ ਇਲਾਵਾਂ ਬਾਜ਼ੀਗਰ ਕਬੀਲੇ ਵਿਚ ਦੇਸਾਂ ਮਾਈ ਨੂੰ ਕਬੀਲੇ ਦੀ ਜਤੀ ਸਤੀ ਦੇਵੀ ਦਾ ਦਰਜਾ ਪ੍ਰਾਪਤ ਹੈ। ਮਾਈ ਦੇਸਾਂ ਨੂੰ ਸਾਰਾ ਕਬੀਲਾ ਇਕ ਦੇਵੀ ਦੇ ਰੂਪ ਵਿਚ ਪੂਜਦਾ ਹੈ। ਬਾਜ਼ੀਗਰ ਕਬੀਲੇ ਵਿਚ 'ਬੀਬੀਆਂ ਦੀ ਕੰਦੂਰੀ' ਦੇਣ ਦੀ ਰਸਮ ਵਿਸ਼ੇਸ਼ ਰੂਪ ਵਿਚ ਅਦਾ ਕੀਤੀ ਜਾਂਦੀ ਹੈ। ਇਹ ਰਸਮ ਕਬੀਲੇ ਦੀਆਂ ਉਨ੍ਹਾਂ ਲੜਕੀਆਂ ਪ੍ਰਤੀ ਸ਼ਰਧਾ ਭਾਵਨਾ ਪ੍ਰਗਟ ਕਰਨ ਲਈ ਕੀਤੀ ਜਾਂਦੀ ਹੈ ਜਿਨ੍ਹਾਂ ਨੇ ਮੁਗ਼ਲਾਂ ਦੇ ਹੱਥ ਆਉਣ ਦੀ ਥਾਂ ਆਪਣੇ ਕਬੀਲੇ ਦੀ ਮਾਣ-ਮਰਿਆਦਾ ਨੂੰ ਦਾਗ਼ ਲੱਗਣ ਤੋਂ ਬਚਾਉਣ ਖ਼ਾਤਰ ਮਹਿਲਾਂ ਤੋਂ ਛਾਲ ਮਾਰ ਕੇ ਕੁਰਬਾਨੀ ਦੇ ਦਿੱਤੀ ਸੀ। ਇਨ੍ਹਾਂ ਬੀਬੀਆਂ ਦੀ ਸੇਵਾ ਭਗਤੀ ਅਤੇ ਕੁਰਬਾਨੀ ਨੂੰ ਕਬੀਲੇ ਦੇ ਲੋਕ ਅਜੋਕੇ ਸਮੇਂ ਵੀ ਬਹੁਤ ਸ਼ਰਧਾ ਭਾਵ ਨਾਲ ਯਾਦ ਕਰਦੇ ਹੋਏ ਇਨ੍ਹਾਂ ਦੇ ਨਾਂ ਉੱਤੇ ਕਬੀਲੇ ਦੀਆਂ ਕੰਜਕਾਂ ਨੂੰ ਮਿੱਠੇ ਚਾਵਲਾਂ ਜਾਂ ਚੂਰੀ ਦੇ ਪ੍ਰਸ਼ਾਦ ਦਾ ਭੋਜਨ ਬਹੁਤ ਆਦਰ ਭਾਵ ਨਾਲ ਛਕਾਉਂਦੇ ਹਨ। ਇਸੇ ਤਰ੍ਹਾਂ ਬਾਜ਼ੀਗਰ ਕਬੀਲੇ ਦੇ ਲੋਕ ਹਰਿਦੁਆਰ ਵਿਖੇ ਸਥਿਤ 'ਗੋਪਾਲ ਮੰਦਰ' ਦੀ ਪੂਜਾ ਅਰਚਨਾ ਵਿਚ ਬਹੁਤ ਵਿਸ਼ਵਾਸ ਰੱਖਦੇ ਹਨ। ਗੋਪਾਲ ਮੰਦਰ ਹਰਿਦੁਆਰ ਹਰਿ ਕੀ ਪੌੜੀ ਨੇੜੇ ਸਥਿਤ ਹੈ। ਬਾਜ਼ੀਗਰ ਆਪਣੇ ਮ੍ਰਿਤਕਾਂ ਦੇ ਫੁੱਲ ਤਾਰਨ ਤੋਂ ਪਹਿਲਾਂ ਗੋਪਾਲ ਮੰਦਰ ਵਿਖੇ ਮੱਥਾ ਟੇਕਦੇ ਹਨ ਅਤੇ ਇੱਥੋਂ ਦੇ ਪੰਡਿਤ ਰਾਹੀਂ ਹੀ ਮ੍ਰਿਤਕ ਦੀ ਗਤੀ ਕਰਵਾਈ ਜਾਂਦੀ ਹੈ।

ਬਾਜ਼ੀਗਰ ਕਬੀਲੇ ਦਾ ਧਰਮ ਪ੍ਰਬੰਧ ਇਨ੍ਹਾਂ ਦੇ ਰੋਜ਼ਾਨਾ ਜੀਵਨ ਵਿਚ ਅਹਿਮ ਸਥਾਨ ਰੱਖਦਾ ਹੈ ਅਤੇ ਲੋਕ ਵਿਸ਼ਵਾਸਾਂ ਦੇ ਆਧਾਰ 'ਤੇ ਪੀੜ੍ਹੀ-ਦਰ-ਪੀੜ੍ਹੀ ਅੱਗੇ ਚਲਦਾ ਰਹਿੰਦਾ ਹੈ। ਬਾਜ਼ੀਗਰ ਕਬੀਲੇ ਦੀ ਧਾਰਮਿਕ ਪਰੰਪਰਾ ਵਿਚ ਜਨਮ, ਵਿਆਹ ਅਤੇ ਮੌਤ ਨਾਲ ਸਬੰਧਤ ਕਈ ਲੋਕ ਵਿਸ਼ਵਾਸ ਪ੍ਰਚਲਿਤ ਹਨ। ਜਿੱਥੇ ਵਹਿਮ ਭਰਮ ਅਵਿਗਿਆਨਕ ਅਤੇ ਅਤਾਰਕਿਕ ਆਧਾਰਾਂ ਉਪਰ ਉਸਰੇ ਹੋਏ ਹੁੰਦੇ ਹਨ, ਉਥੇ ਲੋਕ-ਵਿਸ਼ਵਾਸ ਜ਼ਰੂਰੀ ਨਹੀਂ ਕਿ ਹਮੇਸ਼ਾਂ ਗਲਤ ਤੇ ਅਵਿਗਿਆਨਕ ਨਿਰਣੇ ਤੇ ਹੀ ਆਧਾਰਿਤ ਹੋਣ। ਲੋਕ-ਵਿਸ਼ਵਾਸਾਂ ਦਾ ਆਧਾਰ ਪੂਰਨ ਜਾਂ ਅਪੂਰਨ ਰੂਪ ਵਿਚ ਤੱਥ ਵੀ ਹੋ ਸਕਦਾ ਹੈ। [6]" ਬਾਜ਼ੀਗਰ ਕਬੀਲੇ ਵਿਚ ਲੋਕ ਵਿਸ਼ਵਾਸਾਂ ਦੇ ਅੰਤਰਗਤ ਮਾਨਤਾਵਾਂ ਦੇ ਨਾਲ-ਨਾਲ ਕਈ ਮਨਾਹੀਆਂ ਦਾ ਪਾਲਣ ਕਬੀਲਾ ਧਰਮ ਦੇ ਪ੍ਰਸੰਗ ਵਿਚ ਕੀਤਾ ਜਾਂਦਾ ਹੈ। ਜਿਨ੍ਹਾਂ ਨੂੰ ਤੋੜਨ ਦਾ ਸਾਹਸ ਕਬੀਲੇ ਦਾ ਕੋਈ ਵਿਅਕਤੀ ਨਹੀਂ ਕਰਦਾ। ਬਾਜ਼ੀਗਰ ਕਬੀਲੇ ਵਿਚ ਜ਼ਿਆਦਾਤਰ ਕਬੀਲਾ ਮਾਨਤਾਵਾਂ ਅਤੇ ਮਨਾਹੀਆਂ ਪ੍ਰਤੀ ਵਿਸ਼ਵਾਸ ਅਜੋਕੇ ਸਮੇਂ ਵੀ ਕਾਰਜਸ਼ੀਲ ਹੈ ਭਾਵੇਂ ਕਿ ਕੁਝ ਕਬੀਲਾ ਲੋਕਾਂ ਦੇ ਪੜ੍ਹ ਲਿਖ ਜਾਣ, ਹੋਰ ਵਰਗਾਂ ਦੇ ਲਗਾਤਾਰ ਸੰਪਰਕ ਵਿਚ ਰਹਿਣ ਅਤੇ ਸਮਾਜਿਕ ਵਰਤਾਰੇ ਦੇ ਬਦਲਣ ਕਾਰਨ ਕੁਝ ਮਾਨਤਾਵਾਂ ਅਤੇ ਮਨਾਹੀਆਂ ਦਾ ਰੂਪ ਬਦਲਿਆ ਵੀ ਹੈ। ਬਾਜ਼ੀਗਰ ਕਬੀਲੇ ਵਿਚ ਉਪਰੋਕਤ ਧਾਰਮਿਕ ਵਿਸ਼ਵਾਸਾਂ ਦੇ ਨਾਲ-ਨਾਲ ਕੁਝ ਮਾਨਤਾਵਾਂ ਅਤੇ ਮਨਾਹੀਆਂ ਹੇਠ ਲਿਖੇ ਅਨੁਸਾਰ ਕਾਰਜਸ਼ੀਲ ਹਨ:-

- ਬਾਜ਼ੀਗਰ ਕਬੀਲੇ ਵਿਚ ਬਿੱਲੀ ਅਤੇ ਗਾਂ ਨੂੰ ਮਾਰਨਾ ਅਸ਼ੁੱਭ ਹੈ। ਜੇਕਰ ਕਿਸੇ ਪ੍ਰਕਾਰ ਗਾਂ ਮਰ ਜਾਵੇ ਤਾਂ ਉਸ ਦੇ ਬਦਲੇ ਕੁਝ ਦਾਨ ਪੁੰਨ ਕੀਤਾ ਜਾਂਦਾ ਹੈ।
- ਕਬੀਲੇ ਦੇ ਲੋਕਾਂ ਵਿਚ ਪਿੱਪਲ ਅਤੇ ਤੁਲਸੀ ਦਾ ਰੁੱਖ ਕੱਟਣ ਦੀ ਮਨਾਹੀ ਹੈ।
- ਮੁਢਲੇ ਦੌਰ ਦੌਰਾਨ ਬਾਜ਼ੀਗਰ ਕਬੀਲੇ ਵਿਚ ਕਾਲੇ ਰੰਗ ਦੇ ਕੱਪੜੇ ਪਾਉਣ ਦੀ ਮਨਾਹੀ ਰਹੀ ਹੈ ਭਾਵੇਂ ਕਿ ਨਵੀਂ ਪੀੜ੍ਹੀ ਵਿਚ ਸਮਕਾਲੀ ਦੌਰ ਵਿਚ ਇਸ ਲੋਕ ਵਿਸ਼ਵਾਸ ਪ੍ਰਤੀ ਪਕੜ ਢਿੱਲੀ ਪਈ ਹੈ ਅਤੇ ਇਸ ਮਨਾਹੀ ਨੂੰ ਅਜੋਕੀ ਨੌਜਵਾਨ ਪੀੜ੍ਹੀ ਉਲੰਘ ਵੀ ਰਹੀ ਹੈ।
- ਬਾਜ਼ੀਗਰ ਕਬੀਲੇ ਵਿਚ ਜਾਤੀ ਬਾਹਰੀ ਵਿਆਹ ਦੀ ਸਖ਼ਤ ਮਨਾਹੀ ਲਾਗੂ ਹੈ। ਭਾਵੇਂ ਕਿ ਵਰਤਮਾਨ ਦੌਰ ਵਿਚ ਕੁਝ ਕੁ ਅਗਾਂਹ ਵਧੂ ਪੜ੍ਹੇ ਲਿਖੇ ਨੌਕਰੀਪੇਸ਼ਾ ਸੋਚ ਦੇ ਧਾਰਨੀ ਲੋਕ ਜਾਤੀ ਬਾਹਰੀ ਵਿਆਹ ਕਰਾ ਵੀ ਰਹੇ ਹਨ ਪਰੰਤੂ ਕਬੀਲੇ ਦੇ ਲੋਕ ਅਜਿਹੇ ਰਿਸ਼ਤੇ ਨੂੰ ਮਾਨਤਾ ਨਹੀਂ ਦਿੰਦੇ ਅਤੇ ਕਬੀਲੇ ਵਿਚ ਜਾਤੀ ਬਾਹਰੀ ਵਿਆਹ ਕਰਾਉਣ ਵਾਲੇ ਲੜਕੇ ਅਤੇ ਲੜਕੀ ਨੂੰ ਕਬੀਲਾ ਭਾਈਚਾਰਾ ਹਿਕਾਰਤ ਦੀ ਨਜ਼ਰ ਨਾਲ ਵੇਖਦਾ ਹੈ।
- ਬਾਜ਼ੀਗਰ ਕਬੀਲੇ ਵਿਚ ਕਿਸੇ ਔਰਤ ਦੇ ਰਾਤ ਸਮੇਂ ਘਰ ਤੋਂ ਬਾਹਰ ਜਾਣ ਜਾਂ ਰਾਤ ਡੇਰੇ ਤੋਂ ਬਾਹਰ ਕੱਟਣ ਸੰਬੰਧੀ ਸਖ਼ਤ ਵਰਜਣਾ ਲਾਗੂ ਰਹੀ ਹੈ। ਕਿਸੇ ਡੇਰਾ ਔਰਤ ਦੁਆਰਾ ਡੇਰੇ ਤੋਂ ਬਾਹਰ ਰਾਤ ਕੱਟਣ ਦੀ ਸਥਿਤੀ ਵਿਚ ਸਬੰਧਤ ਪਰਿਵਾਰ ਨੂੰ ਪੰਚਾਇਤ ਵੱਲੋਂ ਤਾੜਨਾ ਕੀਤੀ ਜਾਂਦੀ ਹੈ। ਵਾਰ-ਵਾਰ ਅਜਿਹੀ ਗਲਤੀ ਹੋਣ ਦੌਰਾਨ ਕਬੀਲੇ ਭਾਈਚਾਰੇ

ਲਈ ਨਮੋਸ਼ੀ ਵਰਗੀ ਸਥਿਤੀ ਦੌਰਾਨ ਪਰਿਵਾਰ ਨੂੰ ਕਬੀਲੇ ਵਿਚੋਂ ਛੇਕ ਦਿੱਤਾ ਜਾਂਦਾ ਰਿਹਾ ਹੈ। ਪਰੰਤੂ ਸਮਕਾਲੀ ਦੌਰ ਵਿਚ ਆਵਾਜਾਈ ਦੇ ਸਾਧਨਾਂ ਦੇ ਵਿਕਾਸ ਅਤੇ ਔਰਤਾਂ ਦੇ ਪੜ੍ਹ ਲਿਖ ਜਾਣ ਕਾਰਨ ਹੁਣ ਕਬੀਲੇ ਵਿਚ ਔਰਤਾਂ ਦੇ ਬਾਹਰ ਜਾਣ ਅਤੇ ਹੋਰ ਲੋਕਾਂ ਨਾਲ ਰਸਮੀ ਗੱਲਬਾਤ ਕਰਨ ਦਾ ਬੁਰਾ ਨਹੀਂ ਮਨਾਇਆ ਜਾਂਦਾ। ਜਿਸ ਨਾਲ ਅਜੋਕੇ ਦੌਰ ਵਿਚ ਔਰਤਾਂ ਦੇ ਜੀਵਨ ਸਬੰਧੀ ਕੁਝ ਮਨਾਹੀਆਂ ਦੀ ਪਕੜ ਢਿੱਲੀ ਹੋਈ ਹੈ, ਕਬੀਲੇ ਦੀਆਂ ਪੜ੍ਹੀਆਂ ਲਿਖੀਆਂ ਔਰਤਾਂ ਸਮਾਜ ਵਿਚ ਖੁੱਲ੍ਹ ਕੇ ਵਿਚਰਦੀਆਂ ਹਨ ਅਤੇ ਨੌਕਰੀਆਂ ਵੀ ਕਰ ਰਹੀਆਂ ਹਨ।

- ਬਾਜ਼ੀਗਰ ਕਬੀਲੇ ਵਿਚ ਮ੍ਰਿਤਕ ਵਿਅਕਤੀ ਦੀ ਦੇਹ ਮੰਜੇ ਉੱਤੇ ਪਾਉਣੀ, ਮ੍ਰਿਤਕ ਦੇਹ ਦੇ ਬਰਾਬਰ ਲੇਟਣਾ, ਸੂਰਜ ਛਿਪਣ ਤੋਂ ਬਾਅਦ ਦਾਹ ਸੰਸਕਾਰ ਕਰਨਾ, ਗਰਭਵਤੀ ਔਰਤ ਦਾ ਮ੍ਰਿਤਕ ਦੇਹ ਦੇ ਕੋਲ ਆਉਣਾ, ਮ੍ਰਿਤਕ ਪ੍ਰਾਣੀ ਦੀ ਦੇਹ ਨੂੰ ਇਕੱਲਾ ਛੱਡਣਾ ਅਤੇ ਔਰਤਾਂ ਦਾ ਦਾਹ ਸੰਸਕਾਰ ਸਮੇਂ ਸਿਵਿਆਂ ਤਕ ਨਾਲ ਜਾਣਾ ਅਤੇ ਗਤੀ ਕਰਾਉਣ ਆਦਿ ਸੰਬੰਧੀ ਕਬੀਲਾ ਲੋਕਾਂ ਦੇ ਆਪਣੇ ਵਿਸ਼ੇਸ਼ ਲੋਕ ਵਿਸ਼ਵਾਸ ਅਤੇ ਮਨਾਹੀਆਂ ਕਾਰਜਸ਼ੀਲ ਹਨ।
- ਕਬੀਲੇ ਵਿਚ ਮ੍ਰਿਤਕ ਵਿਅਕਤੀ ਦੀ ਦੇਹ ਦੇ ਬਰਾਬਰ ਇਕ ਕਾਨਾ ਮਿਣ ਕੇ ਰੱਖਿਆ ਜਾਂਦਾ ਹੈ ਤਾਂ ਜੋ ਉਸ ਵਿਚ ਕੋਈ ਬੁਰੀ ਆਤਮਾ ਪ੍ਰਵੇਸ਼ ਨਾ ਕਰ ਜਾਵੇ। ਮ੍ਰਿਤਕ ਦੇਹ ਦੇ ਕੋਲ ਕੁਝ ਅਨਾਜ ਵੀ ਰੱਖਦੇ ਹਨ ਤਾਂ ਜੋ ਕੋਈ ਬੁਰੀ ਆਤਮਾ ਮ੍ਰਿਤਕ ਦੇਹ ਦੇ ਨੇੜੇ ਨਾ ਆ ਸਕੇ।
- ਕਾਂਧੀਆਂ ਦੁਆਰਾ ਘੜਾ ਭੰਨਣ ਦੀ ਰਸਮ ਪਿੱਛੋਂ ਮ੍ਰਿਤਕ ਦੇਹ ਦੇ ਸਰੀਰ ਦੀ ਦਿਸ਼ਾ ਬਦਲ ਲਈ ਜਾਂਦੀ ਹੈ ਤਾਂ ਜੋ ਮ੍ਰਿਤਕ ਦੀ ਰੂਹ ਘਰ ਦਾ ਰਸਤਾ ਭੁੱਲ ਜਾਵੇ। ਇਸੇ ਤਰ੍ਹਾਂ ਮ੍ਰਿਤਕ ਦੇਹ ਨੂੰ ਲਾਂਬੂ ਲਾਉਣ ਤੋਂ ਬਾਅਦ ਗੰਧਾਲੇ ਨਾਲ ਉਸਦੇ ਚਾਰੇ ਪਾਸੇ ਇਕ ਕਾਰ ਖਿੱਚ ਦਿੱਤੀ ਜਾਂਦੀ ਹੈ ਤਾਂ ਜੋ ਰੂਹ ਉਸਦੇ ਵਿਚੋਂ ਬਾਹਰ ਨਾ ਨਿਕਲ ਸਕੇ।
- ਲੋਕ ਵਿਸ਼ਵਾਸ ਦੇ ਅੰਤਰਗਤ ਬਾਜ਼ੀਗਰ ਕਬੀਲੇ ਵਿਚ ਬਦਰੂਹਾਂ ਅਤੇ ਬੁਰੀ ਨਜ਼ਰ ਤੋਂ ਬਚਾਅ ਲਈ ਸਿਆਣਿਆਂ ਤੋਂ ਤਵੀਤ ਬਣਵਾ ਕੇ ਬੱਚਿਆਂ ਦੇ ਗਲ ਵਿਚ ਪਾਇਆ ਜਾਂਦਾ ਹੈ।
- ਬਾਜ਼ੀਗਰ ਕਬੀਲੇ ਵਿਚ ਸੌਂਕਣ ਮੋਹਰ ਸਬੰਧੀ ਵਿਸ਼ਵਾਸ ਹੈ ਕਿ ਕਿਸੇ ਵਿਅਕਤੀ ਦੇ ਦੂਸਰੇ ਵਿਆਹ ਦੌਰਾਨ ਪਤਨੀ ਨੂੰ ਮਰ ਚੁੱਕੀ ਪਹਿਲੀ ਪਤਨੀ ਦੇ ਬੁਰੇ ਪ੍ਰਭਾਵ ਤੋਂ ਬਚਾਉਂਦੀ ਹੈ। ਅਜੋਕੇ ਦੌਰ ਵਿਚ ਵੀ ਅਜਿਹੀ ਸਥਿਤੀ ਦੌਰਾਨ ਦੂਜੀ ਪਤਨੀ ਨੂੰ ਸੌਂਕਣ ਮੋਹਰ ਪਹਿਨਾਈ ਜਾਂਦੀ ਹੈ।
- ਬਾਜ਼ੀਗਰ ਕਬੀਲੇ ਦੇ ਲੋਕ ਕਾਲੇ ਇਲਮ ਵਿਚ ਬਹੁਤ ਵਿਸ਼ਵਾਸ ਕਰਦੇ ਹਨ। ਕਬੀਲਾ ਮਾਨਤਾ ਅਨੁਸਾਰ ਕਾਲਾ ਇਲਮ ਜਾਨਣ ਵਾਲਾ ਵਿਅਕਤੀ ਕਾਲੇ ਜਾਦੂ ਨਾਲ ਕਿਸੇ ਘਰ ਪਰਿਵਾਰ ਦਾ ਬਹੁਤ ਬੁਰਾ ਕਰ ਸਕਦਾ ਹੈ। ਜਦਕਿ ਨਾਲ ਹੀ ਅਜਿਹਾ ਵਿਅਕਤੀ ਜਿੰਨ, ਭੂਤ-ਪ੍ਰੇਤਾਂ ਨੂੰ ਵੀ ਵੱਸ ਕਰਨ ਜਾਂ ਕਿਸੇ ਵਿਅਕਤੀ ਵਿਚੋਂ ਇਨ੍ਹਾਂ ਨੂੰ ਬਾਹਰ ਕੱਢਣ ਦੀ ਸਮਰੱਥਾ ਵੀ ਰੱਖਦਾ ਹੈ।
- ਕਬੀਲਾ ਔਰਤਾਂ ਦੀ ਦੱਸ ਅਨੁਸਾਰ ਜਦੋਂ ਕਬੀਲੇ ਵਿਚ ਕਿਸੇ ਵਿਅਕਤੀ ਨੂੰ ਮਾਤਾ ਨਿਕਲ ਆਵੇ ਤਾਂ ਅਜਿਹੀ ਸਥਿਤੀ ਦੌਰਾਨ ਘਰ ਵਿਚ ਸ਼ਰਾਬ, ਮੀਟ ਜਾਂ ਕਿਸੇ ਸਬਜ਼ੀ ਨੂੰ ਤੜਕਾ ਲਾਉਣ ਦੀ ਮਨਾਹੀ ਹੁੰਦੀ ਹੈ। ਮਨਾਹੀ ਦੀ ਉਲੰਘਣਾ ਦਾ ਪ੍ਰਭਾਵ ਪੀੜਤ ਵਿਅਕਤੀ ਉੱਤੇ ਬਹੁਤ ਕਸ਼ਟਦਾਈ ਹੁੰਦਾ ਹੈ। ਮਾਤਾ ਦੇ ਪ੍ਰਕੋਪ ਅਧੀਨ ਆਏ ਪੀੜਤ ਵਿਅਕਤੀ ਦੀ ਖਾਣ-ਪੀਣ ਦੀ ਹਰ ਇੱਛਾ ਪੂਰੀ ਕੀਤੀ ਜਾਣੀ ਜ਼ਰੂਰੀ ਸਮਝੀ ਜਾਂਦੀ ਹੈ। ਜਿਸ ਪ੍ਰਤੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅਜਿਹਾ ਕਰਨ ਨਾਲ ਮਾਤਾ ਖੁਸ਼ ਹੋ ਕੇ ਜਲਦੀ ਮੋੜਾ ਪਾ ਲੈਂਦੀ ਹੈ।
- ਬੱਚੇ ਨੂੰ ਨਜ਼ਰ ਲੱਗਣ ਤੋਂ ਬਚਾਅ ਲਈ ਸੱਤ ਡੰਡੀ ਵਾਲੀਆਂ ਮਿਰਚਾਂ ਵਾਰ ਕੇ ਅੱਗ ਵਿਚ ਸਾੜੀਆਂ ਜਾਂਦੀਆਂ ਹਨ ਜਾਂ ਫਿਰ ਜਿਸ ਵਿਅਕਤੀ ਦੀ ਨਜ਼ਰ ਲੱਗੇ ਹੋਣ ਦਾ ਸ਼ੱਕ ਹੋਵੇ ਉਸ ਦੇ ਪੈਰਾਂ ਦੀ ਮਿੱਟੀ ਵੀ ਅੱਗ ਵਿਚ ਸਾੜੀ ਜਾਂਦੀ ਹੈ।
- ਬਾਜ਼ੀਗਰ ਕਬੀਲੇ ਵਿਚ ਵਿਆਹ ਸਮੇਂ ਕਿਸੇ ਪ੍ਰਕਾਰ ਦੀ ਬਦਸ਼ਗਨੀ ਤੋਂ ਬਚਣ ਲਈ ਸਾਹੇ ਪਏ ਲੜਕੇ ਅਤੇ ਲੜਕੀ ਨੂੰ ਕੋਈ ਲੋਹੇ ਦਾ ਸੰਦ ਜ਼ਰੂਰ ਫੜਾਇਆ ਜਾਂਦਾ ਹੈ। ਕਬੀਲਾ ਮਾਨਤਾ ਹੈ ਕਿ ਲੋਹੇ ਦੇ ਸੰਦ ਦੀ ਤਾਕਤ ਕਰਕੇ ਬਦਰੂਹਾਂ ਆਪਣਾ ਪ੍ਰਭਾਵ ਸਾਹੇ ਵਾਲੇ ਲੜਕੇ ਜਾਂ ਲੜਕੀ 'ਤੇ ਨਹੀਂ ਪਾ ਸਕਦੀਆਂ।
- ਬਾਜ਼ੀਗਰ ਕਬੀਲਾ ਮਾਨਤਾਵਾਂ ਵਿਚ ਰਾਤ ਸਮੇਂ ਰੋਣ, ਵਾਲ ਧੋਣ ਅਤੇ ਰਾਤ ਸਮੇਂ ਝਾੜੂ ਲਾਉਣ ਦੀ ਮਨਾਹੀ ਹੈ। ਕਬੀਲੇ ਦੀਆਂ ਔਰਤਾਂ ਨੂੰ ਮੰਗਲਵਾਰ ਅਤੇ ਵੀਰਵਾਰ ਵਾਲੇ ਦਿਨ ਸਿਰ ਦੇ ਵਾਲ ਧੋਣ ਦੀ ਮਨਾਹੀ ਹੈ।

ਕਿਸੇ ਕਬੀਲਾ ਮਨਾਹੀ ਦੇ ਉਲੰਘਣ ਕਰਨ ਤੇ ਕਬੀਲਾ ਪੁਰਖਿਆਂ ਦੇ ਨਰਾਜ਼ ਹੋਣ ਅਤੇ ਉਨ੍ਹਾਂ ਦੀ ਕਰੋਪੀ ਨਾਲ ਕੁੱਲ ਦੇ ਨਾਸ਼ ਜਾਂ ਹੋਰ ਭਾਰੀ ਮੁਸੀਬਤ ਆਉਣ ਦਾ ਡਰ ਵੀ ਕਬੀਲਾ ਅਵਚੇਤਨ ਵਿਚ ਬਣਿਆ ਰਹਿੰਦਾ ਹੈ। ਜਿਸ ਕਰਕੇ ਕਬੀਲੇ ਦੇ ਲੋਕ ਪੁਰਖਿਆਂ ਵੱਲੋਂ ਨਿਰਧਾਰਿਤ ਮਨਾਹੀਆਂ ਦਾ ਉਲੰਘਣ ਕਰਨ ਦਾ ਸਾਹਸ ਨਹੀਂ ਕਰਦੇ। ਕਬੀਲੇ ਦਾ ਲੋਕ ਧਰਮ ਕਬੀਲੇ ਦੀਆਂ ਦੰਤ ਕਥਾਵਾਂ, ਮਿੱਥ ਕਥਾਵਾਂ ਅਤੇ ਲੋਕ ਕਥਾਵਾਂ ਦੇ ਮਾਧਿਅਮ ਰਾਹੀਂ ਕਬੀਲੇ ਵਿਚ ਨਿਰੰਤਰ ਪ੍ਰਵਾਹਿਤ ਹੁੰਦਾ ਰਹਿੰਦਾ ਹੈ। ਮਨੁੱਖੀ ਜੀਵਨ ਦੇ ਵਿਸ਼ੇਸ਼ ਪਹਿਲੂਆਂ ਜਨਮ, ਵਿਆਹ ਅਤੇ ਮੌਤ ਦੀਆਂ ਰਸਮਾਂ, ਤਿੱਥ ਤਿਉਹਾਰ ਅਤੇ ਲੋਕ ਵਿਸ਼ਵਾਸ ਆਦਿ ਧਰਮ ਨਾਲ ਜੁੜੇ ਹੋਏ ਵਰਤਾਰੇ ਹਨ। ਇਨ੍ਹਾਂ ਵਰਤਾਰਿਆਂ ਦੇ ਨਿਭਾਅ ਸਮੇਂ ਧਾਰਮਿਕ ਸ਼ਰਧਾ, ਸੁੱਚਤਾ ਅਤੇ ਪਵਿੱਤਰਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ ਅਤੇ ਚੰਗੇ ਫਲ ਦੀ ਪ੍ਰਾਪਤੀ ਦੀ ਆਸ ਕੀਤੀ ਜਾਂਦੀ ਹੈ। ਧਾਰਮਿਕ ਪੱਖ ਤੋਂ ਬਾਜ਼ੀਗਰ ਕਬੀਲੇ ਦੇ ਲੋਕ ਵਿਸ਼ਵਾਸ, ਮਾਨਤਾਵਾਂ ਅਤੇ ਮਨਾਹੀਆਂ ਕਬੀਲੇ ਦੇ ਲੋਕ ਮਨ ਦਾ ਮਹੱਤਵਪੂਰਨ ਹਿੱਸਾ ਬਣੀਆਂ ਹੋਈਆਂ ਹਨ ਭਾਵੇਂ ਕਿ ਸਮੇਂ ਅਨੁਸਾਰ ਆਪਣੀ ਸਾਰਥਕਤਾ ਗੁਆ ਚੁੱਕੀਆਂ ਕੁਝ ਕਬੀਲਾ ਮਾਨਤਾਵਾਂ ਅਤੇ ਮਨਾਹੀਆਂ ਦੀ ਪਕੜ ਪੰਜਾਬੀ ਸਭਿਆਚਾਰ ਦੇ ਪ੍ਰਭਾਵ, ਪੜ੍ਹੇ ਲਿਖੇ ਨੌਕਰੀ ਪੇਸ਼ਾ ਅਤੇ ਜਾਗਰੂਕ ਵਰਗ ਵਿਚ ਕੁਝ ਢਿੱਲੀ ਵੀ ਪਈ ਹੈ।

ਬਾਜ਼ੀਗਰ ਕਬੀਲੇ ਵਿਚ ਧਾਰਮਿਕ ਪੱਖ ਤੋਂ ਤਿੱਥ ਤਿਉਹਾਰਾਂ ਦਾ ਆਪਣਾ ਵਿਸ਼ੇਸ਼ ਮਹੱਤਵ ਹੈ ਜਿਸ ਵਿਚ ਕਬੀਲੇ ਦੇ ਲੋਕ ਦੀਵਾਲੀ, ਲੋਹੜੀ ਅਤੇ ਦੁਸਹਿਰੇ ਦਾ ਤਿਉਹਾਰ ਬੜੀ ਸ਼ਰਧਾ ਭਾਵਨਾ ਨਾਲ ਮਨਾਉਂਦੇ ਹਨ। ਦੀਵਾਲੀ ਦੇ ਤਿਉਹਾਰ ਦੌਰਾਨ ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਪਿੱਤਰਾਂ ਦੀ ਮਾਨਤਾ ਵਿਸ਼ੇਸ਼ ਵਿਧੀ ਵਿਧਾਨ ਨਾਲ ਕਰਦੇ ਹਨ। ਹਰ ਬਾਜ਼ੀਗਰ ਪਰਿਵਾਰ ਦੀਵਾਲੀ ਵਾਲੇ ਦਿਨ ਆਪਣੇ ਪਿੱਤਰਾਂ ਨੂੰ ਪਾਣੀ ਦੇਣ ਅਤੇ ਇਨ੍ਹਾਂ ਦੇ ਨਾਂ ਉੱਤੇ ਪ੍ਰਸ਼ਾਦ ਵੰਡਣਾ ਆਪਣਾ ਪਵਿੱਤਰ ਫ਼ਰਜ਼ ਸਮਝਦਾ ਹੈ। ਬਾਜ਼ੀਗਰ ਕਬੀਲੇ ਵਿਚ ਲੋਹੜੀ ਦੇ ਤਿਉਹਾਰ ਦੌਰਾਨ ਸਵੇਰੇ ਸੁਵੱਖਤੇ ਸਾਰੇ ਡੇਰੇ ਦੇ ਲੋਕ ਇਕ ਥਾਂ ਇਕੱਠੇ ਹੋ ਕੇ ਲੋਹੜੀ ਬਾਲਦੇ ਅਤੇ ਇਕ ਦੂਜੇ ਨੂੰ ਲੋਹੜੀ ਦੀਆਂ ਵਧਾਈਆਂ ਦਿੰਦੇ ਹਨ। ਇਸ ਦਿਨ ਕਬੀਲੇ ਦੀ ਪੰਚਾਇਤ ਦੁਆਰਾ ਕਬੀਲਾ ਲੋਕਾਂ ਦੇ ਝਗੜਿਆਂ ਉੱਤੇ ਵਿਚਾਰ ਵਟਾਂਦਰਾ ਕਰਕੇ ਉਚਿਤ ਸਮਾਧਾਨ ਵੀ ਕੀਤਾ ਜਾਂਦਾ ਹੈ। ਜਿਸ ਨਾਲ ਬਾਜ਼ੀਗਰ ਕਬੀਲੇ ਵਿਚ ਲੋਹੜੀ ਦੇ ਤਿਉਹਾਰ ਦੀ ਵਿਸ਼ੇਸ਼ ਮਹੱਤਤਾ ਉਜਾਗਰ ਹੁੰਦੀ ਹੈ। ਬਾਜ਼ੀਗਰ ਕਬੀਲੇ ਵਿਚ ਜ਼ਿਆਦਾਤਰ ਔਰਤਾਂ ਦੁਆਰਾ ਨਿਰਜ਼ਲਾ ਇਕਾਦਸ਼ੀ ਵਾਲੇ ਦਿਨ ਵਰਤ ਰੱਖਿਆ ਜਾਂਦਾ ਹੈ ਅਤੇ ਰੋਟੀ ਖਵਾਈ ਜਾਂਦੀ ਹੈ। "ਮਾਂਹ ਛੋਲਿਆਂ ਦੀ ਦਾਲ ਅਤੇ ਠੀਕਰੀ ਦੀ

ਰੋਟੀ ਜਿਸਨੂੰ ਕਬੀਲੇ ਵਿਚ 'ਲਾਪੜਾਂ' ਕਿਹਾ ਜਾਂਦਾ ਹੈ, ਦਾ ਲੰਗਰ ਤਿਆਰ ਕੀਤਾ ਜਾਂਦਾ ਹੈ। ਇਸ ਲੰਗਰ ਵਿਚ ਥੋੜ੍ਹਾ ਜਿਹਾ ਲੰਗਰ ਕੋਇਲੇ ਦੀ ਅੱਗ ਉੱਤੇ ਪਾ ਕੇ ਤੇ ਇਸ ਤੇ ਥੋੜ੍ਹਾ ਜਿਹਾ ਦੇਸੀ ਘਿਉ ਪਾ ਕੇ ਜਗਤ ਮਾਤਾ ਨੂੰ ਭੇਟ ਕੀਤਾ ਜਾਂਦਾ ਹੈ। ਬਾਅਦ ਵਿਚ ਇਹ ਲੰਗਰ ਡੇਰੇ ਦੇ ਲੋਕਾਂ ਅਤੇ ਬੱਚਿਆਂ ਨੂੰ ਸਤਿਕਾਰ ਨਾਲ ਬੁਲਾ ਕੇ ਵਰਤਾਇਆ ਜਾਂਦਾ ਹੈ। ਇਸ ਉਪਰੰਤ ਹਰ ਘਰ ਦੀ ਸਿਆਣੀ ਔਰਤ ਮਿੱਠੇ ਪਾਣੀ ਅਤੇ ਕਿਸੇ ਫਲ ਨਾਲ ਆਪਣਾ ਵਰਤ ਖੋਲ੍ਹਦੀ ਹੈ। [7]" ਸਮਕਾਲੀ ਦੌਰ ਵਿਚ ਬਾਜ਼ੀਗਰ ਕਬੀਲੇ ਦੇ ਲੋਕ ਕਬੀਲੇ ਦੇ ਪਰੰਪਰਿਕ ਤਿੱਥ-ਤਿਉਹਾਰਾਂ ਦੇ ਨਾਲ-ਨਾਲ ਮੁੱਖ ਸਭਿਆਚਾਰ ਵਿਚ ਧਾਰਮਿਕ ਵਿਸ਼ੇਸ਼ਤਾ ਰੱਖਦੇ ਦੁਸਹਿਰਾ, ਵਿਸਾਖੀ, ਹੋਲੀ, ਮਾਘੀ, ਰੱਖੜੀ ਅਤੇ ਗੁਰਪੁਰਬ ਆਦਿ ਤਿਉਹਾਰ ਵੀ ਬਹੁਤ ਸ਼ਰਧਾ ਭਾਵਨਾ ਨਾਲ ਮਨਾਉਂਦੇ ਹਨ। ਲੰਮਾ ਸਮਾਂ ਕਿਸੇ ਵਿਸ਼ੇਸ਼ ਸਮਾਜ ਸਭਿਆਚਾਰ ਦੇ ਸੰਪਰਕ ਵਿਚ ਵਿਚਰਣ ਕਾਰਨ ਵੀ ਕਿਸੇ ਜਨ ਸਮੂਹ ਦੇ ਧਾਰਮਿਕ ਜੀਵਨ ਵਿਚ ਕੁਝ ਜੁੜਨਾ ਅਤੇ ਕੁਝ ਬਿਨਸਣਾ ਸ਼ੁਰੂ ਹੋ ਜਾਂਦਾ ਹੈ। "ਦੁਰਖਾਇਮ ਅਨੁਸਾਰ ਧਰਮ ਦੇ ਕਾਰਜ ਸਮਾਜਕ ਸੰਰਚਨਾ ਨਾਲ ਅੰਤਰ-ਸੰਬੰਧਤ ਹੁੰਦੇ ਹਨ। ... ਉਸਨੇ ਆਸਟਰੇਲੀਆ ਦੇ ਕਬੀਲਿਆਂ ਦੇ ਅਨੁਭਵ ਅਤੇ ਅਧਿਐਨ ਦੇ ਅਧਾਰ 'ਤੇ ਕਿਹਾ ਹੈ ਕਿ ਧਰਮ ਸਮਾਜ ਦੀਆਂ ਲੋੜਾਂ ਅਨੁਸਾਰ ਕਾਰਜ ਕਰਦਾ ਹੈ ਅਤੇ ਇਹ ਸਮਾਜ ਨੂੰ ਸੰਗਠਿਤ ਰੱਖਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਕਰਕੇ ਉਸਦੀ ਧਾਰਨਾ ਹੈ ਕਿ ਸਮਾਜ ਵਿਚ ਤਬਦੀਲੀ ਨਾਲ ਧਰਮ ਵਿਚ ਵੀ ਤਬਦੀਲੀ ਆਉਂਦੀ ਹੈ। [8]" ਇਸੇ ਸੰਦਰਭ ਵਿਚ ਪੰਜਾਬ ਵਿਚ ਵੱਸਦੇ ਬਾਜ਼ੀਗਰ ਕਬੀਲੇ ਦੇ ਲੋਕਾਂ ਦੁਆਰਾ ਲੰਮਾ ਸਮਾਂ ਪੰਜਾਬੀ ਸਭਿਆਚਾਰ ਅਤੇ ਸਿੱਖ ਧਰਮ ਦੇ ਲੋਕਾਂ ਨਾਲ ਲੰਮੇ ਸੰਪਰਕ ਵਿਚ ਰਹਿਣ ਕਰਕੇ ਇਨ੍ਹਾਂ ਦੇ ਜੀਵਨ ਦਰਸ਼ਨ ਉੱਤੇ ਸਿੱਖ ਧਰਮ ਦੀ ਮਰਿਆਦਾ ਕਾਫ਼ੀ ਅਸਰ ਅੰਦਾਜ਼ ਹੋਈ ਹੈ। ਜਿਸਦੇ ਸਿੱਟੇ ਵਜੋਂ ਵਰਤਮਾਨ ਦੌਰ ਤਕ ਕਬੀਲੇ ਦੇ ਲੋਕਾਂ ਨੇ ਜਨਮ, ਵਿਆਹ ਅਤੇ ਮੌਤ ਸਬੰਧੀ ਵਿਭਿੰਨ ਰਸਮਾਂ ਵਿਚ ਸਿੱਖ ਧਰਮ ਦੀਆਂ ਮਾਨਤਾਵਾਂ ਨੂੰ ਵੀ ਆਪਣੀ ਸੁਵਿਧਾ ਅਨੁਸਾਰ ਅਪਣਾਇਆ ਹੈ। ਵਰਤਮਾਨ ਦੌਰ ਵਿਚ ਸਿੱਖ ਧਰਮ ਅਤੇ ਪੰਜਾਬੀ ਸਭਿਆਚਾਰ ਦੇ ਪ੍ਰਭਾਵ ਕਾਰਨ ਬਾਜ਼ੀਗਰ ਕਬੀਲੇ ਦੇ ਕਈ ਲੋਕਾਂ ਨੇ ਅੰਮ੍ਰਿਤਪਾਨ ਕੀਤਾ ਹੋਇਆ ਹੈ। ਇਸਦੇ ਨਾਲ ਹੀ ਬਾਜ਼ੀਗਰ ਕਬੀਲੇ ਦੇ ਕੁਝ ਲੋਕਾਂ ਨੇ 'ਡੇਰਾ ਧਰਮ' ਦਾ ਪ੍ਰਭਾਵ ਵੀ ਕਬੂਲਿਆ ਹੈ ਅਤੇ ਡੇਰਿਆਂ ਪ੍ਰਤੀ ਬਹੁਤ ਸ਼ਰਧਾ ਰੱਖਦੇ ਹਨ। ਕਈ ਕਬੀਲਾ ਲੋਕਾਂ ਨੇ ਡੇਰਿਆ ਤੋਂ 'ਨਾਮ' ਸ਼ਬਦ ਲਿਆ ਹੋਇਆ ਹੈ। ਇਸਦੇ ਨਾਲ ਹੀ ਖੇਤਰੀ ਸਰਵੇਖਣ ਦੌਰਾਨ ਬਾਜ਼ੀਗਰ ਕਬੀਲੇ ਦੇ ਕੁਝ ਲੋਕਾਂ ਤੇ ਇਸਾਈ ਧਰਮ ਦਾ ਪ੍ਰਭਾਵ ਵੀ ਵੇਖਣ ਵਿਚ ਆਇਆ ਹੈ। ਇਹ ਪ੍ਰਭਾਵ ਭਾਵੇਂ ਕਬੀਲਾ ਲੋਕਾਂ ਵਿਚ ਵਰਤਮਾਨ ਦੌਰ ਤੱਕ ਬਹੁਤ ਹੀ ਸੀਮਿਤ ਰੂਪ ਵਿਚ ਟਾਵੇਂ ਟਾਵੇਂ ਲੋਕਾਂ ਨੇ ਕਬੂਲ ਕੀਤਾ ਹੈ ਪਰੰਤੂ ਕਬੀਲਾ ਜੀਵਨ ਦਾ ਇਹ ਵਰਤਾਰਾ ਵਿਸ਼ੇਸ਼ ਧਿਆਨ ਖਿੱਚਦਾ ਹੈ। ਕਬੀਲਾ ਲੋਕਾਂ ਦੀ ਧਾਰਮਿਕ ਪ੍ਰਵਿਰਤੀ ਵਿਚ ਅਜਿਹਾ ਵਰਤਾਰਾ ਇਕ ਥਾਂ ਵੱਸ ਜਾਣ ਕਰਕੇ ਇਨ੍ਹਾਂ ਦੇ ਜੀਵਨ ਵਿਵਹਾਰ ਉੱਤੇ ਪੰਜਾਬੀ ਸਭਿਆਚਾਰ ਅਤੇ ਸਿੱਖ ਧਰਮ ਦਾ ਪ੍ਰਭਾਵ ਕਾਫੀ ਹੱਦ ਤਕ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸਨੂੰ ਬਾਜ਼ੀਗਰ ਕਬੀਲੇ ਦੇ ਲੋਕਾਂ ਦੀਆਂ ਰਸਮਾਂ ਰੀਤਾਂ ਵਿਚੋਂ ਪਛਾਣਿਆ ਜਾ ਸਕਦਾ ਹੈ। ਜਦੋਂ ਮੁੱਖ ਸਭਿਆਚਾਰ ਅਤੇ ਗੌਣ ਸਭਿਆਚਾਰ ਆਪਸੀ ਸੰਪਰਕ ਵਿਚ ਆਉਂਦੇ ਹਨ ਤਾਂ ਗੌਣ ਸਭਿਆਚਾਰ ਵਲੀਨੀਕਰਨ ਦੇ ਰਾਹ ਪੈ ਜਾਂਦਾ ਹੈ। ਇਹ ਵਰਤਾਰਾ ਬਾਜ਼ੀਗਰ ਕਬੀਲੇ ਦੇ ਧਰਮ ਪ੍ਰਬੰਧ 'ਤੇ ਵੀ ਲਾਗੂ ਹੁੰਦਾ ਹੈ। ਵਰਤਮਾਨ ਦੌਰ ਵਿਚ ਬਾਜ਼ੀਗਰ ਕਬੀਲੇ ਦੀਆਂ ਧਾਰਮਿਕ ਮਾਨਤਾਵਾਂ ਪਿਤਰੀ ਪਰੰਪਰਾ ਦੇ ਰੂਪ ਵਾਲੀਆਂ ਹੋਣ ਦੇ ਨਾਲ-ਨਾਲ ਇਨ੍ਹਾਂ ਵਿਚ ਮੁੱਖ ਸਭਿਆਚਾਰ ਦੇ ਸੰਪਰਕ ਅਤੇ ਸਿੱਖ ਧਰਮ ਦੇ ਪ੍ਰਭਾਵ ਕਾਰਨ ਕੁਝ ਰੁਪਾਂਤਰਣ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਦਰਿਆ, ਪੰਜਾਬੀਲੋਕ-ਧਰਮ :ਇਕ ਅਧਿਐਨ, ਪੰਨਾ 9
2. ਜਸਵਿੰਦਰ ਸਿੰਘ (ਡਾ.), ਪੰਜਾਬੀ ਸਭਿਆਚਾਰ : ਪਛਾਣ ਚਿੰਨ੍ਹ, ਪੰਨਾ 46
3. ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਨਾ 15
4. ਮੋਹਨ ਤਿਆਗੀ, ਬਾਜ਼ੀਗਰ ਕਬੀਲੇ ਦਾ ਸਭਿਆਚਾਰ, ਪੰਨਾ 80
5. ਮੋਹਨ ਤਿਆਗੀ, ਬਾਜ਼ੀਗਰ ਕਬੀਲੇ ਦਾ ਸਭਿਆਚਾਰ, ਪੰਨਾ 80
6. ਗੁਰਮੀਤ ਸਿੰਘ, ਲੋਕਧਾਰਾ ਦੇ ਕੁਝ ਪੱਖ, ਪੰਨਾ 59
7. ਮੋਹਨ ਤਿਆਗੀ, ਬਾਜ਼ੀਗਰ ਕਬੀਲੇ ਦਾ ਸਭਿਆਚਾਰ, ਪੰਨਾ 144
8. ਗੁਰਮੀਤ ਸਿੰਘ ਸਿੱਧੂ, ਧਰਮ : ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ, ਪੰਨੇ 88-89